# ਗਦਰੀ ਬਾਬਿਆਂ ਦੇ ਮੇਲੇ ਦਾ ਕੇਂਦਰੀ ਵਿਸ਼ਾ ਬਣਿਆ ਸ਼ਹੀਦ ਭਗਤ ਸਿੰਘ ਵੱਲੋਂ ਸਿਰਜੀ ਨੌਜਵਾਨ ਭਾਰਤ ਸਭਾ ਦਾ ਇਤਿਹਾਸ

ਜਲੰਧਰ/31 ਅਕਤੂਬਰ/ਪਾਲ ਸਿੰਘ ਨੌਲੀ

\'ਗਦਰੀ ਬਾਬਿਆਂ ਦੇ ਮੇਲੇ ਦੇ ਤੀਜੇ ਦਿਨ ਅੱਜ ਐਤਵਾਰ ਨੂੰ ਸ਼ਹੀਦ ਭਗਤ ਸਿੰਘ ਦੁਆਰਾ ਸਿਰਜੀ ਨੌਜਵਾਨ ਭਾਰਤ ਸਭਾ ਦਾ ਇਤਿਹਾਸ ਕੇਂਦਰੀ ਵਿਸ਼ਾ ਬਣਿਆ ਰਿਹਾ। ਪੰਜਾਬ ਦੇ ਵੱਖ ਵੱਖ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚੋਂ ਵੱਡੀ ਗਿਣਤੀ ਵਿਚ ਆਏ ਲੋਕਾਂ ਨੇ ਜਿੱਥੇ ਇਸ ਮੇਲੇ ਦਾ ਅਨੰਦ ਮਾਣਿਆ, ਉੱਥੇ ਵੱਖ ਵੱਖ ਮੁਕਾਬਲਿਆਂ ਵਿਚ ਭਾਗ ਲੈਣ ਆਏ ਵਿਦਿਆਰਥੀ ਵੀ ਪੂਰੇ ਉਤਸ਼ਾਹ ਵਿਚ ਸਨ।

ਅੱਜ ਹੋਏ ਪੇਂਟਿੰਗ ਮੁਕਾਬਲਿਆਂ ’ਚ 200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਛੋਟੀ ਉਮਰ ਦੇ ਵਿਦਿਆਰਥੀਆਂ ਦੀਆਂ ਮਲੂਕ ਉਂਗਲੀਆਂ ਸ਼ਹੀਦਾਂ ਦੀਆਂ ਤਸਵੀਰਾਂ ਬਣਾ ਰਹੀਆਂ ਸਨ। ਦੂਜੇ ਪਾਸੇ ਨੌਜਵਾਨ ਭਾਰਤ ਸਭਾ ਦੇ ਇਤਿਹਾਸ ਸਬੰਧੀ ਕੁਇੱਜ਼ ਮੁਕਾਬਲਾ ਕਰਵਾਇਆ ਜਾ ਰਿਹਾ ਸੀ। ਤੀਜੇ ਪਾਸੇ ਨੌਜਵਾਨ ਭਾਰਤ ਸਭਾ ਸਬੰਧੀ ਲੇਖ ਲਿਖਣ ਮੁਕਾਬਲਾ ਹੋ ਰਿਹਾ ਸੀ। ਇਸ ਸਾਰੇ ਕੁੱਝ ’ਚ ਇੰਝ ਜਾਪ ਰਿਹਾ ਸੀ ਜਿਵੇਂ ਅੱਜ ਦੇ ਇਹ ਨੌਜਵਾਨ ਸ਼ਹੀਦ ਭਗਤ ਸਿੰਘ ਦੇ ਇਤਿਹਾਸ ਨੂੰ ਪੜ੍ਹ ਹੀ ਨਹੀਂ ਰਹੇ ਸਗੋਂ ਉਸ ਵੇਲੇ ਦੀਆਂ ਪਰਸਥਿਤੀਆਂ ਦਾ ਜ਼ਿੰਦਾ ਇਤਿਹਾਸ ਬਣਨ ਜਾ ਰਹੇ ਹਨ।

1924 ਵਿੱਚ ਜਦੋਂ ਸ਼ਹੀਦ ਭਗਤ ਸਿੰਘ ਨੇ ਨੌਜਵਾਨ ਭਾਰਤ

ਸਭਾ ਬਣਾਈ, ਉਸ ਸਮੇਂ ਭਾਰਤ ਦੀ ਵੱਡੀ ਰਾਜਸੀ ਧਿਰ ਕਾਂਗਰਸ ਪਾਰਟੀ ਦੇ ਏਜੰਡੇ ’ਤੇ ਭਾਰਤ ਦੀ ਆਜ਼ਾਦੀ ਨਹੀਂ ਸੀ ਜਦਕਿ ਨੌਜਵਾਨ ਭਾਰਤ ਸਭਾ ਨੇ ਸਭਾ ਦੀ ਪਹਿਲੀ ਮੀਟਿੰਗ ਵਿੱਚ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਸਾਨੂੰ ਪੂਰਨ ਆਜ਼ਾਦੀ ਤੋਂ ਘੱਟ ਕੁੱਝ ਵੀ ਸਵੀਕਾਰ ਨਹੀਂ। ਇਹੋ ਹੀ ਵਿਚਾਰ ਕਮੇਟੀ ਮੈਂਬਰ ਗੁਰਮੀਤ ਸਿੰਘ ਢੱਡਾ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆ ਕਹੇ। ਉਨ੍ਹਾਂ ਕਿਹਾ ਕਿ ਹਾਕਮ ਧਿਰ ਦੇ ਹਿੱਤ ਇਸ ਵਿੱਚ ਸੁਰੱਖਿਅਤ ਹਨ ਕਿ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਨੂੰ ਲੋਕ ਭੁੱਲ ਜਾਣ ਪਰ ਨੌਜਵਾਨ ਪੀੜ੍ਹੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਇਨਕਲਾਬੀ ਵਿਰਸੇ ਤੋਂ ਲੋੜੀਂਦੀ ਸੇਧ ਲੈਣ।

ਅੱਜ ਦੇ ਇਸ ਕੁਇੱਜ਼ ਮੁਕਾਬਲੇ ਵਿੱਚ ਨੰਦ ਸਿੰਘ ਮੈਮੋਰੀਅਲ ਸਕੂਲ ਤੁੜ ਦੀ ਟੀਮ ਪਹਿਲੇ ਸਥਾਨ ’ਤੇ ਰਹੀ, ਦੂਜੇ ਸਥਾਨ ਤੇ ਸਰਕਾਰੀ ਕਾਲਜ ਤਲਵਾੜਾ ਦੀਆਂ ਲੜਕੀਆਂ ਰਹੀਆਂ। ਇਹ ਮੁਕਾਬਲਾ ਜਿੰਨਾ ਫਸਵਾਂ ਸੀ, ਉਨ੍ਹਾਂ ਹੀ ਦਿਲਚਸਪ ਸੀ ਕਿਉਂਕਿ ਸਾਰੀਆਂ ਹੀ ਟੀਮਾਂ ਨੌਜਵਾਨ ਭਾਰਤ ਸਭਾ ਦੇ ਇਤਿਹਾਸ ਬਾਰੇ ਗਹਿਨ ਅਧਿਐਨ ਕਰਕੇ ਆਈਆਂ ਸਨ। ਪੰਜਾਬ ਸਟੂਡੈਂਟਸ ਫੈਡਰੇਸ਼ਨ ਅਤੇ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ ਜਲੰਧਰ ਦੀਆਂ ਟੀਮਾਂ ਇਸ ਫਸਵੇਂ ਮੁਕਾਬਲੇ ਵਿੱਚ ਹੌਸਲਾ-ਵਧਾਊ ਇਨਾਮ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੀਆਂ।

ਲੇਖ ਲਿਖਣ ਮੁਕਾਬਲੇ ਵਿਚ ਇਨਕਲਾਬੀ ਨੌਜਵਾਨ ਸਭਾ ਪਹਿਲੇ

ਸਥਾਨ ’ਤੇ, ਗੁਰੂ ਨਾਨਕ ਸੁਖਚੈਨਆਣਾ ਸਾਹਿਬ ਫਗਵਾੜਾ ਦੂਸਰੇ ਸਥਾਨ ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤੀਸਰੇ ਸਥਾਨ ’ਤੇ ਰਹੇ।

ਵੱਖ ਵੱਖ ਵਰਗਾਂ ਦੇ ਹੋਏ ਪੇਂਟਿੰਗ ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਰਹੇ- ਗਰੁੱਪ ਏ ਵਿਚ ਪਹਿਲਾ ਸਥਾਨ ਖਾਲਸਾ ਕਾਲਜ ਅੰਮ੍ਰਿਤਸਰ ਦੇ ਗੁਰਪ੍ਰੀਤ ਸਿੰਘ, ਏਪੀਜੇ ਕਾਲਜ ਜਲੰਧਰ ਦੇ ਚੰਦਰ ਨੂੰ ਪ੍ਰਾਪਤ ਹੋਇਆ। ਗਰੁਪ ਬੀ ਵਿਚ ਪਹਿਲਾ ਸਥਾਨ ਐਂਮਜੀਐਨ ਪਬਲਿਕ ਸਕੂਲ ਜਲੰਧਰ ਕੇ ਗੁਰਸਿਮਰਨ ਸਿੰਘ, ਦੂਜਾ ਸਥਾਨ ਸਵਾਮੀ ਸੰਤ ਦਾਸ ਪਬਲਿਕ ਸਕੂਲ ਫਗਵਾੜਾ ਦੇ ਏਕਮ ਸਿੰਘ ਪੰਨੂੰ ਪ੍ਰਾਪਤ ਹੋਇਆ। ਹੌਂਸਲਾ ਵਧਾਉ ਇਨਾਮ ਲਿਟਿਲ ਐਂਜਲ ਸਕੂਲ ਕਪੂਰਥਲਾ ਦੇ ਆਦੀਦੇਵ ਸਭਰਵਾਲ, ਮੇਹਰ ਚੰਦ ਪਾਲੀਟੈਕਨਿਕ ਦੇ ਸੁਖਦੇਵ ਸਿੰਘ, ਏਲਜੇਏਨ ਡੀਏਵੀ ਮਾਡਲ ਸਕੂਲ ਜਲੰਧਰ ਦੀ ਤਮੰਨਾ ਚੌਹਾਨ ਅਤੇ ਰਵੀ ਨੂੰ ਪ੍ਰਾਪਤ ਹੋਇਆ। ਗਰੁਪ ਸੀ ਵਿਚ ਏਲਜੇਐਨ ਡੀਏਵੀ ਸਕੂਲ ਜਲੰਧਰ ਦੇ ਹਰਦੀਪ ਨੂੰ ਪਹਿਲਾ, ਐਸਆਰਟੀ ਡੀਏਵੀ ਸਕੂਲ ਬਿਲਗਾ ਦੀ ਵੰਦਨਾ ਨੂੰ ਦੂਸਰਾ ਸਥਾਨ ਪ੍ਰਾਪਤ ਹੋਇਆ। ਹੌਂਸਲਾ ਵਧਾਉ ਇਨਾਮ ਐਮਜੀਐਨ ਪਬਲਿਕ ਸਕੂਲ ਦੀ ਹਰਲੀਨ, ਬਾਬਾ ਦਰਬਾਰ ਸਿੰਘ ਪਬਲਿਕ ਸਕੂਲ ਟਿੱਬਾ ਦੇ ਮਨਮਿੰਦਰਜੀਤ, ਦ ਗੁਰੂਕੁਲ ਦੇ ਸਾਹਿਲ ਚੱਢਾ, ਐਲਜੇਐਨ ਡੀਏਵੀ ਮਾਡਲ ਸਕੂਲ ਦੀ ਚਾਹਤ ਸਹੌਤਾ, ਕਿਰਨ ਰਾਜਪੂਤ, ਬੀਡੀਐਸ ਪਬਲਿਕ ਸਕੂਲ ਟਿੱਬਾ ਦੀ ਰਮਨੀਕ ਕੌਰ ਅਤੇ ਸੇਂਟ

ਸੋਲਜਰ ਸੀਸੈ ਸਕੂਲ ਦੀ ਮੋਨਿਕਾ ਜੱਸਲ ਨੂੰ ਪ੍ਰਾਪਤ ਹੋਇਆ। ਸ਼ਾਮ ਨੂੰ ਹੋਏ ਕਵੀ ਦਰਬਾਰ ਵਿਚ ਪੰਜਾਬ ਦੇ ਅਗਾਂਹਵਧੂ ਕਵੀਆਂ ਨੇ ਮੇਲੇ ਵਿਚ ਕਾਵਿਕ ਰੰਗ ਬੰਨਿਆਂ।

ਦੇਸ਼ ਭਗਤਾਂ ਦੇ ਇਸ ਵਿਹੜੇ ਵਿਚ ਹੋਏ ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਕਾਮਰੇਡ ਦਰਸ਼ਨ ਖਟਕੜ, ਹਰਭਜਨ ਹੁੰਦਲ, ਅਜਾਇਬ ਕਮਲ, ਕੁਲਵਿੰਦਰ ਯੂ.ਐਸ.ਏ., ਅਨੂਪ ਵਿਰਕ ਅਤੇ ਗੁਰਭਜਨ ਗਿੱਲ ਸ਼ਾਮਲ ਹੋਏ। ਜਿਨ੍ਹਾਂ ਕਵੀਆਂ ਨੇ ਆਪਣੀਆਂ ਸੱਜਰੀਆਂ ਕਵਿਤਾਵਾਂ ਨਾਲ ਮੇਲੇ ਵਿੱਚ ਇਨਕਲਾਬੀ ਰੰਗ ਭਰਿਆ, ਉਹਨਾਂ ਵਿੱਚ ਜਸਵਿੰਦਰ, ਸ਼ਬਦੀਸ਼, ਸੁਖਵੰਤ, ਪਰਮਿੰਦਰਜੀਤ, ਲਖਵਿੰਦਰ ਜੌਹਲ, ਹਰਵਿੰਦਰ ਭੰਡਾਲ, ਕਵਿੰਦਰ ਚਾਂਦ, ਮਦਨ ਵੀਰਾ, ਜਗਤਾਰ ਸੇਖਾ, ਪੂਨਮ ਕੋਸਰ, ਅਨੂ ਬਾਲਾ, ਰਾਮ ਸਿੰਘ, ਸਤੀਸ਼ ਗੁਲਾਟੀ ਤੇ ਜਗਵਿੰਦਰ ਯੋਧਾ ਸ਼ਾਮਲ ਹੋਏ। ਮੰਚ ਸੰਚਾਲਨ ਦੇ ਫਰਜ਼ ਸੁਰਜੀਤ ਜੱਜ ਨੇ ਨਿਭਾਏ। ਸ਼ਾਮ ਨੂੰ 7 ਵਜੇ \'ਦਿ ਪੀਪਲਜ਼ ਵਾਇਸ' ਵੱਲੋਂ ਕੀਤੇ ਗਏ ਫਿਲਮ ਸ਼ੋਅ ਦਾ ਵੱਡੀ ਗਿਣਤੀ ਵਿਚ ਲੋਕਾਂ' ਨੇ ਆਨੰਦ ਮਾਣਿਆ। ਸ਼ੋਅ ਦੀ ਸ਼ੁਰੂਆਤ ਸਾਹਿਰ ਲੁਧਿਆਣਵੀ ਰਚਿਤ ਤੇ ਪਾਕਿਸਤਾਨੀ ਗਾਇਕਾ ਨਸੀਬੋ ਵੱਲੋਂ ਗਾਏ ਗੀਤ 'ਤੇ ਦਲਜੀਤ ਅਮੀ ਵੱਲੋਂ ਬਣਾਏ ਮਿਊਜ਼ਿਕ ਵੀਡਿਓ \'ਜ਼ੁਲਮ ਔਰ ਅਮਨ' ਦੇ ਨਾਲ ਹੋਈ। ਉਪਰੰਤ ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ ਉਤੇ ਸਿਮਰਨ ਕਲੇਰ ਵਲੋਂ ਬਣਾਈ ਦਸਤਾਵੇਜ਼ੀ ਫਿਲਮ \'ਗਦਰ ਲਹਿਰ ਦਾ ਚਿਰਾਗ' ਦਿਖਾਈ ਗਈ।

ਇਸ ਤੋਂ ਇਲਾਵਾ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਨਿਰਦੇਸ਼ਕ ਆਨੰਦ ਪਟਵਰਧਨ ਨਿਰਦੇਸ਼ਿਤ ਮਿਊਜ਼ਿਕ ਵੀਡਿਓ \'ਏ ਰਿਬਨ ਫਾਰ ਪੀਸ’, ਚਾਰਲੀ ਚੈਪਲਿਨ ਦੀ ਫੀਚਰ ਫਿਲਮ \'ਏ ਡੌਗ’ਸ ਲਾਈਫ’ ਅਤੇ ਨੌਜਵਾਨ ਭਾਰਤ ਸਭਾ ਨੂੰ ਸਮਰਪਿਤ ਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਜੀਵਨ ’ਤੇ ਅਧਾਰਿਤ ਗੌਹਰ ਰਜ਼ਾ ਨਿਰਦੇਸ਼ਿਤ ਦਸਤਾਵੇਜ਼ੀ ਫਿਲਮ \'ਇਨਕਲਾਬ’ ਦਾ ਪ੍ਰਦਰਸ਼ਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪ੍ਰਗਤੀਵਾਦੀ ਸਿਨੇਮੇ ਦੇ ਪ੍ਰਚਾਰ-ਪਸਾਰ ’ਚ ਜੁਟੀ ਸੰਸਥਾ \'ਦਿ ਪੀਪਲਜ਼ ਵਾਇਸ’ ਵੱਲੋਂ ਮੇਲੇ ’ਤੇ ਹਰੇਕ ਸਾਲ ਕੀਤੇ ਜਾਂਦੇ ਫਿਲਮ ਸ਼ੋਅ ’ਚ ਲੋਕਪੱਖੀ ਫਿਲਮਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸੰਸਥਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲੋਕਪੱਖੀ ਕਲਾਕ੍ਰਿਤਾਂ ਨੂੰ ਅੱਗੇ ਲਿਆਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਸੰਸਥਾ ਵੱਲੋਂ ਲੋਕਾਂ ਵਿੱਚ ਵਿਸ਼ਵ ਕਲਾਸਕੀ ਫਿਲਮਾਂ ਤੋਂ ਲੈ ਕੇ ਚਲੰਤ ਮਸਲਿਆਂ ਬਾਰੇ ਦਸਤਾਵੇਜ਼ੀ ਫਿਲਮਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ।

ਪਹਿਲੀ ਨਵੰਬਰ ਮੇਲੇ ਕੇ ਆਖਰੀ ਦਿਨ ਸਵੇਰੇ 10 ਵਜੇ ਝੰਡੇ ਦੇ ਗੀਤ ਨਾਲ ਮੇਲੇ ਦਾ ਸ਼ੁਭ ਆਰੰਭ ਹੋਵੇਗਾ। ਅਮੋਲਕ ਦੇ ਲਿਖੇ ਝੰਡੇ ਦੇ ਗੀਤ ਨੂੰ ਹੰਸਾ ਸਿੰਘ ਐਂਡ ਪਾਰਟੀ ਦੇ ਸੌ ਤੋਂ ਵੱਧ ਕਲਾਕਾਰ ਪੇਸ਼ ਕਰਨਗੇ। ਇਸ ਮੌਕੇ ਹਰਮਿੰਦਰ ਪਟਿਆਲਾ ਮੈਂਬਰ ਦੇਸ਼ ਭਗਤ ਯਾਦਗਾਰ ਕਮੇਟੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਤੋਂ ਬਾਅਦ ਸਾਰਾ ਦਿਨ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਠੀਕ 4.30 ਵਜੇ

ਨੌਜਵਾਨ ਸਭਾਵਾਂ ਵਲੋਂ ਮਸ਼ਾਲ ਮਾਰਚ ਕੀਤਾ ਜਾਵੇਗਾ। ਇਸੇ ਵਕਤ ਡਾ. ਗੌਤਮ ਨਵਲੱਖਾ, ਡਾ. ਸੁਰਜੀਤ ਲੀਅ, ਪ੍ਰੋ. ਹਰਕਿਸ਼ਨ ਮਹਿਤਾ, ਪ੍ਰੋ ਵਿਨੋਦ ਦੱਤਾ, ਹਿਮਾਂਸ਼ੁ ਕੁਮਾਰ ਵਿਨੈ ਅਤੇ ਚਾਰੁਲ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਨਗੇ। ਪਹਿਲੀ ਨਵੰਬਰ ਦੀ ਰਾਤ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਇਸ ਕਰਕੇ ਅਹਿਮ ਹੈ ਕਿਉਂਕਿ ਇਸ ਰਾਤ ਪਾਰਟੀ ਨੇ ਆਪਣਾ ਪਹਿਲਾ ਪਰਚਾ \'ਗ਼ਦਰ’ ਅਮਰੀਕਾ ਦੀ ਧਰਤੀ ਤੋਂ ਰਿਲੀਜ਼ ਕੀਤਾ ਸੀ। ਜਿਸ ਵਿਚ ਐਲਾਨ ਕੀਤਾ ਗਿਆ ਸੀ ਕਿ ਉਹ ਹਥਿਆਰਬੰਦ ਇਨਕਲਾਬ ਕਰਕੇ ਭਾਰਤ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਦੇਣਗੇ। ਗਦਰੀਆਂ ਦੀ ਯਾਦ ਵਿਚ ਲਗਦਾ ਇਹ ਮੇਲਾ ਉਸ ਇਤਿਹਾਸਕ ਦਿਨ ਤੇ ਰਾਤ ਨੂੰ ਯਾਦ ਕਰਦਾ ਹੋਇਆ ਸਾਰੀ ਰਾਤ ਨਾਟਕਾਂ ਦੀ ਰਾਤ ਵਜੋਂ ਮਨਾਉਂਦਾ । ਇਸ ਵਾਰ ਰਵਿੰਦਰ ਦੀਵਾਨਾ, ਪ੍ਰੋ. ਅਜਮੇਰ ਔਲਖ, ਪ੍ਰੋ ਜਸਕਰਨ, ਕੇਵਲ ਧਾਲੀਵਾਲ, ਸ਼ਬਦੀਸ਼, ਕੀਰਤੀ ਕਿਰਪਾਲ ਆਪਣੇ ਨਾਟਕ ਪੇਸ਼ ਕਰਨਗੇ। ਗਦਰੀ ਬਾਬਿਆਂ ਦੀ ਯਾਦ ਵਿਚ ਲੱਗਾ 19ਵਾਂ ਮੇਲਾ ਤੜਕੇ ਸਰਘੀ ਵੇਲੇ ਸੰਘਰਸ਼ਾਂ ਦਾ ਹੋਕਾ ਦਿੰਦਾ ਵੀਹਵੇਂ ਮੇਲੇ ਲਈ ਵਿੱਛੜ ਜਾਵੇਗਾ।